## Appendix C

ENTITLEMENT LETTER

[SCHOOL LETTERHEAD]

[INSERT DATE]

ਪਿਆਰੇ ਮਾਤਾ-ਪਿਤਾ/ਸਰਪਰੱਸਤ:

ਰਜਿਸਟਰੇਸ਼ਨ ਵੇਲੇ ਤੁਸੀਂ ਆਪਣੇ ਬੱਚੇ [INSERT CHILD'S NAME] ਦੇ ਸੰਬੰਧ ਵਿੱਚ ਘਰ ਵਿੱਚ ਬੋਲੀ ਜਾਂਦੀ ਭਾਸ਼ਾ ਦੀ ਨਿਸ਼ਾਨਦਹੀ ਬਾਰੇ ਸਰਵੇਖਣ ਫ਼ਾਰਮ (Home Language Identification Survey, HLIS) ਭਰਿਆ ਸੀ। ਸਰਵੇਖਣ ਦੇ ਸਵਾਲਾਂ ਲਈ ਤੁਹਾਡੇ ਵਲੋਂ ਦਿਤੇ ਗਏ ਜਵਾਬਾਂ ਦੇ ਆਧਾਰ 'ਤੇ ਤੁਹਾਡੇ ਬੱਚੇ ਦਾ ਭਾਸ਼ਾ ਸੰਬੰਧੀ ਜਾਇਜ਼ਾ ਲੈਣ ਲਈ (Language Assessment Battery, LAB-R) ਟੈਸਟ ਲਿਆ ਗਿਆ ਸੀ, ਤਾਂ ਜੇ ਅੰਗਰੇਜ਼ੀ ਭਾਸ਼ਾ ਵਿੱਚ ਉਸਦੀ ਪ੍ਰਵੀਨਤਾ ਦਾ ਪਤਾ ਲਾਇਆ ਜਾ ਸਕੇ। ਤੁਹਾਡੇ ਬੱਚੇ ਨੇ LAB-R ਵਿੱਚ [INSERT SCORE] ਹਾਸਲ ਕੀਤਾ, ਅਤੇ ਇਸਤਰ੍ਹਾਂ ਉਹ ਹੇਠ ਲਿਖੇ ਪ੍ਰੋਗਰਾਮਾਂ ਵਿਚੋਂ ਇਕ ਵਿੱਚ ਅੰਗਰੇਜ਼ੀ ਭਾਸ਼ਾ ਸਿਖਣ ਵਾਲੇ (English Language Learner, ELL) ਵਜੋਂ ਸੇਵਾਵਾਂ ਪ੍ਰਾਪਤ ਕਰਨ ਦਾ ਹੱਕਦਾਰ ਹੋ ਗਿਆ:

- ਦੋ ਭਾਸ਼ਾਵਾਂ ਦੇ ਪ੍ਰੋਗਰਾਮ *(Dual Language Program)* ਵਿੱਚ ਅਧੀ ਪੜ੍ਹਾਈ ਅੰਗਰੇਜ਼ੀ ਵਿੱਚ ਅਤੇ ਅਧੀ ਪੜ੍ਹਾਈ ਪ੍ਰੋਗਰਾਮ ਦੀ ਦੂਜੀ ਨਿਸਚਤ ਭਾਸ਼ਾ (ਜਿਵੇਂ ਕਿ ਸਪੈਨਿਸ਼, ਚੀਨੀ, ਹਾਇਤੀਅਨ ਕਰਿਓਲ) ਵਿੱਚ ਕਰਾਈ ਜਾਂਦੀ ਹੈ। ਦੂਜੀ ਨਿਸਚਤ ਭਾਸ਼ਾ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਬੋਲਣ ਵਾਲੇ ਵਿਦਿਆਰਥੀਆਂ ਦੇ ਨਾਲ ਪੜ੍ਹਾਇਆ ਜਾਂਦਾ ਹੈ, ਤਾਂ ਜੋ ਸਾਰੇ ਵਿਦਿਆਰਥੀ ਦੋ ਭਾਸ਼ਾਵਾਂ ਸਿਖ ਸਕਣ ਅਤੇ ਦੋ ਸਭਿਆਚਾਰਾਂ ਤੋਂ ਵਾਕਿਫ਼ ਹੋ ਸਕਣ।

- ਫ੍ਰੀਸਟੈਂਡਿੰਗ ਅੰਗਰੇਜ਼ੀ ਦੂਜੀ ਭਾਸ਼ਾ ਵਜੋਂ ਪ੍ਰੋਗਰਾਮ *(Freestanding English as a Second Language Program)* ਵਿੱਚ ਸਾਰੀ ਪੜ੍ਹਾਈ ਅੰਗਰੇਜ਼ੀ ਵਿੱਚ, ਪੜ੍ਹਾਉਣ ਦੇ ਵਿਸ਼ੇਸ਼ ਢੰਗਾਂ ਦੁਆਰਾ ਕਰਾਈ ਜਾਂਦੀ ਹੈ।

- ਵਿਚਲੇ ਸਮੇਂ ਵਿੱਚ ਦੋ ਭਾਸ਼ਾਈ ਪੜ੍ਹਾਈ ਦੇ ਪ੍ਰੋਗਰਾਮ *(Transitional Bilingual Education Program)* ਵਿੱਚ ਭਾਸ਼ਾ ਅਤੇ ਵਖ ਵਖ ਮਜ਼ਮੂਨਾਂ ਦੀ ਪੜ੍ਹਾਈ ਬੱਚੇ ਦੀ ਆਪਣੀ ਭਾਸ਼ਾ ਵਿੱਚ ਕਰਾਈ ਜਾਂਦੀ ਹੈ ਅਤੇ ਨਾਲ ਹੀ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੀ ਪੜ੍ਹਾਈ 'ਤੇ ਜ਼ੋਰ ਦਿਤਾ ਜਾਂਦਾ ਹੈ। ਜਿਉਂ ਜਿਉਂ ਵਿਦਿਆਰਥੀ ਆਪਣੀ ਭਾਸ਼ਾ ਅਤੇ ਵਖ ਵਖ ਮਜ਼ਮੂਨਾਂ ਵਿੱਚ ਪ੍ਰਾਪਤ ਕੀਤੀ ਯੋਗਤਾ ਦੇ ਆਧਾਰ 'ਤੇ ਅੰਗਰੇਜ਼ੀ ਵਿੱਚ ਪ੍ਰਬੀਨਤਾ ਹਾਸਲ ਕਰਦਾ ਹੈ, ਤਿਉਂ ਤਿਉਂ ਅੰਗਰੇਜ਼ੀ ਵਿੱਚ ਜ਼ਿਆਦਾ ਪੜ੍ਹਾਈ ਕਰਾਈ ਜਾਂਦੀ ਅਤੇ ਦੇਸੀ ਭਾਸ਼ਾ ਵਿੱਚ ਪੜ੍ਹਾਈ ਘਟਦੀ ਜਾਦੀ ਹੈ।

ਤੁਹਾਨੂੰ ਆਪਣੇ ਬੱਚੇ ਲਈ ਉਪਲਬਧ ਵਿਦਿਅਕ ਪ੍ਰੋਗਰਾਮਾਂ ਬਾਰੇ ਸਵਾਲ ਪੁਛਣ ਅਤੇ ਤੁਸੀਂ ਆਪਣੇ ਬੱਚੇ ਨੂੰ ਜਿਸ ਪ੍ਰੋਗਰਾਮ ਵਿੱਚ ਦਾਖ਼ਲ ਕਰਾਉਣਾ ਚਾਹੁੰਦੇ ਹੋ, ਉਸਦੀ ਚੋਣ ਕਰਨ ਦਾ ਮੌਕਾ ਮਾਤਾ-ਪਿਤਾ ਨੂੰ ਜਾਣਕਾਰੀ ਦੇਣ ਵਾਲੇ ਇਕ ਸੈਸ਼ਨ ਵਿੱਚ ਮਿਲੇਗਾ, ਜੋ [DATE] ਨੂੰ [INSERT TIME & PLACE] ਵਿਖੇ ਹੋਵੇਗਾ। ਕਿਰਪਾ ਕਰਕੇ ਮਾਤਾ-ਪਿਤਾ ਦੇ ਸਰਵੇਖਣ ਅਤੇ ਪ੍ਰੋਗਰਾਮ ਦੀ ਚੋਣ ਬਾਰੇ ਫ਼ਾਰਮ (ਜੋ ਇਸ ਪਤੱਰ ਨਾਲ ਨਥੀ ਹੈ) ਨਾਲ ਲੈ ਕੇ ਆਉ। ਜਾਣਕਾਰੀ ਦਿਤੇ ਜਾਣ ਤੋਂ ਬਾਅਦ ਤੁਹਾਨੂੰ ਇਹ ਫ਼ਾਰਮ ਭਰਨ ਲਈ ਅਤੇ ਪ੍ਰੋਗਰਾਮਾਂ ਨੂੰ ਆਪਣੀ ਤਰਜੀਹ ਮੁਤਾਬਕ ਤਰਤੀਬ ਦੇਣ ਲਈ ਕਿਹਾ ਜਾਵੇਗਾ, ਤਾਂ ਜੇ ਤੁਸੀਂ ਉਸ ਪ੍ਰੋਗਰਾਮ ਨੂੰ ਸਭ ਤੋਂ ਉਪਰ ਰਖ ਸਕੋ, ਜਿਸ ਵਿੱਚ ਤੁਸੀਂ ਆਪਣੇ ਬੱਚੇ ਨੂੰ ਦਾਖ਼ਲ ਕਰਾਉਣ ਦੇ ਸਭ ਤੋਂ ਵਧ ਚਾਹਵਾਨ ਹੋ, ਭਾਵੇਂ ਕਿ ਉਹ ਇਸ ਵੇਲੇ ਸਾਡੇ ਸਕੂਲ ਵਿੱਚ ਉਪਲਬਧ ਨਾਂਹ ਹੋਵੇ। ਇਸ ਸੂਚਨਾ ਦੀ ਸਹਾਇਤਾ ਨਾਲ ਅਸੀਂ, ਅਜਿਹੇ ਪ੍ਰੋਗਰਾਮ ਸਥਾਪਤ ਕਰ ਸਕਾਂਗੇ, ਜੋ ਮਾਤਾ-ਪਿਤਾ ਦੀਆਂ ਲੋੜਾਂ ਦੇ ਅਨੁਕੂਲ ਹੋਣ। ਤੁਹਾਨੂੰ ਜਾਣਕਾਰੀ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਬਹੁਤ ਉਤਸ਼ਾਹ ਦਿਤਾ ਜਾਂਦਾ ਹੈ, ਤਾਂ ਜੋ ਤੁਸੀਂ ਸੋਚ ਸਮਝਕੇ ਚੋਣ ਕਰ ਸਕੋ। ਪਰ ਜੇਕਰ ਤੁਸੀਂ ਨਿਸਚਤ ਜਾਣਕਾਰੀ ਸੈਸ਼ਨ ਵਿੱਚ ਭਾਗ ਨਹੀਂ ਲੈ ਸਕਦੇ, ਤਾਂ ਕਿਰਪਾ ਕਰਕੇ ਮਾਤਾ-ਪਿਤਾ ਨਾਲ ਤਾਲਮੇਲ ਰਖਣ ਵਾਲੇ ਪੇਅਰੈਂਟ ਕੋਆਰਡੀਨੇਟਰ

## Appendix C

ENTITLEMENT LETTER

[INSERT P.C. NAME] ਨਾਲ [INSERT CONTACT INFORMATION] 'ਤੇ ਐਪੁਆਇੰਟਮੈਂਟ ਤੈਅ ਕਰੋ, ਜਾਂ ਫ਼ੋਨ 'ਤੇ ਹੀ ਪ੍ਰੋਗਰਾਮ ਵਿਕਲਪਾਂ ਬਾਰੇ ਗਲ ਕਰੋ। ਮਾਤਾ-ਪਿਤਾ ਦੇ ਸਰਵੇਖਣ ਸੰਬੰਧੀ ਅਤੇ ਪ੍ਰੋਗਰਾਮ ਦੀ ਚੋਣ ਬਾਰੇ ਫ਼ਾਰਮ ਫਿਰ ਵੀ ਭਰਨਾ ਚਾਹੀਦਾ ਹੈ, ਅਤੇ ਇਹ [INSERT PERSON OR OFFICE] ਨੂੰ [DATE] ਤਕ ਵਾਪਸ ਭੇਜ ਦੇਣਾ ਚਾਹੀਦਾ ਹੈ।

ਅਸੀਂ ਤੁਹਾਡੇ ਬੱਚੇ ਨੂੰ ਤੁਹਾਡੀ ਪਸੰਦਦੇ ਪ੍ਰੋਗਰਾਮ ਵਿੱਚ ਲੈਣ ਲਈ ਪੂਰੀ ਕੋਸ਼ਿਸ਼ ਕਰਾਂਗੇ। ਪਰ ਜੇ ਮਾਤਾ-ਪਿਤਾ ਵਿਚਲੇ ਸਮੇਂ ਵਿੱਚ ਦੋ ਭਾਸ਼ਾਈ ਪੜ੍ਹਾਈ ਦਾ ਪ੍ਰੋਗਰਾਮ ਚੁਣਦੇ ਹਨ, ਜੋ ਸਾਡੇ ਸਕੂਲ ਵਿੱਚ ਉਪਲਬਧ ਨਹੀਂ ਹੈ, ਤਾਂ ਉਹ ਆਪਣੇ ਬੱਚੇ ਨੂੰ ਇਥੋਂ ਬਦਲ ਕੇ ਡਿਸਟ੍ਰਿਕਟ ਦੇ ਕਿਸੇ ਹੋਰ ਸਕੂਲ ਵਿੱਚ ਭੇਜ ਸਕਦੇ ਹਨ, ਜਿਸ ਵਿੰਚ ਇਹ ਪ੍ਰੋਗਰਾਮ ਹੈ। ਕਿਰਪਾ ਕਰਕੇ ਇਹ ਗਲ ਨੋਟ ਕਰੋ ਕਿ ਨਿਊ ਯਾਰਕ ਸਟੇਟ ਦੇ ਕਮਿਸ਼ਨਰ ਆਫ਼ ਐਜੂਕੇਸ਼ਨ ਦੇ ਨਿਯਮਾਂ ਦੇ ਪਾਰਟ 154 ਅਨੁਸਾਰ ਅਤੇ ਤੁਹਾਡੇ ਬੱਚੇ ਦੀ ਘਟੋ ਘਟ ਹੱਕਦਾਰੀ ਦੇ ਆਧਾਰ 'ਤੇ ਉਸ ਨੂੰ ਫ੍ਰੀ ਸਟੈਂਡਿੰਗ ਅੰਗਰੇਜ਼ੀ ਦੂਜੀ ਭਾਸ਼ਾ ਵਜੋਂ ਪ੍ਰੋਗਰਾਮ ਵਿੱਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ।

ਤੁਹਾਡੇ ਵਲੋਂ ਆਪਣੇ ਬੱਚੇ ਲਈ ਚੁਣਿਆ ਜਾਣ ਵਾਲਾ ਪ੍ਰੋਗਰਾਮ ਪੂਰੇ [SCHOOL YEAR] ਸਕੂਲ ਵਰ੍ਹੇ ਲਈ ਹੋਵੇਗਾ। ਤੁਹਾਡੇ ਬੱਚੇ ਦੀ ਹੱਕਦਾਰੀ ਜਾਰੀ ਰਖਣ ਬਾਰੇ ਫ਼ੈਸਲਾ ਨਿਊਯਾਰਕ ਸਟੇਟ ਦੇ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਦੇ ਗਿਆਨ ਦੇ ਟੈਸਟ (New York State English as a Second Language Achievement Test, NYSESLAT) ਵਿੱਚ ਉਸਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਕੀਤਾ ਜਾਵੇਗਾ। ਇਹ ਟੈਸਟ ਬਸੰਤ ਰੁਤ ਵਿੱਚ ਹੋਵੇਗਾ। ਤੁਹਾਡੇ ਬੱਚੇ ਦਾ ਹਿਤ ਇਸ ਗਲ ਵਿੱਚ ਹੈ ਕਿ ਉਹ ਉਦੋਂ ਤਕ ਉਸੇ ਪ੍ਰੋਗਰਾਮ ਵਿੱਚ ਰਹੇ, ਜਦੋਂ ਤਕ ਉਹ ਸੇਵਾਵਾਂ ਦਾ ਹੱਕਦਾਰ ਹੈ। ਅਧਿਅਨ ਤੋਂ ਪਤਾ ਲਗਦਾ ਹੈ ਕਿ, ਜਿਹੜੇ ਵਿਦਿਆਰਥੀ ਸਾਲ ਦਰ ਸਾਲ ਇਕ ਹੀ ਪ੍ਰੋਗਰਾਮ ਵਿੱਚ ਰਹਿੰਦੇ ਹਨ, ਪ੍ਰਮਾਣਕ ਅੰਗਰੇਜ਼ੀ ਅਤੇ ਮੈਥਿਮੈਟਿਕਸ ਦੇ ਸਿਟੀ ਅਤੇ ਸਟੇਟ ਟੈਸਟਾਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਉਨ੍ਹਾਂ ਵਿਦਿਆਰਥੀਆਂ ਨਾਲੋਂ ਬਿਹਤਰ ਹੁੰਦੀ ਹੈ, ਅਤੇ ਉਹ ਪੜ੍ਹਾਈ ਵਿੱਚ ਉਨ੍ਹਾਂ ਵਿਦਿਆਰਥੀਆਂ ਨਾਲੋਂ ਅਗੇ ਰਹਿੰਦੇ ਹਨ, ਜੋ ਪ੍ਰੋਗਰਾਮ ਬਦਲਦੇ ਰਹਿੰਦੇ ਹਨ।

ਅਸੀਂ ਆਪਣੇ ਸਕੂਲ ਵਿੱਚ ਤੁਹਾਡੇ ਬੱਚੇ ਲਈ ਇਕ ਸਫ਼ਲ ਵਿਦਿਅਕ ਵਰ੍ਹੇ ਦੀ ਕਾਮਨਾ ਕਰਦੇ ਹਾਂ। ਜੇ ਤੁਸੀਂ ਆਪਣੇ ਬਚੇ ਲਈ ਪ੍ਰੋਗਰਾਮ ਵਿਕਲਪਾਂ ਬਾਰੇ ਕੋਈ ਸਵਾਲ ਪੁਛਣੇ ਚਾਹੁੰਦੇ ਹੋ, ਤਾਂ ਕਿਰਪਾ ਕਰਕੇ [INSERT CONTACT NAME] ਨਾਲ [INSERT CONTACT INFORMATION] 'ਤੇ ਸੰਪਰਕ ਕਰੋ।

ਤੁਹਾਡਾ ਸ਼ੁਭ ਚਿੰਤਕ,

[INSERT PRINCIPAL'S NAME]